This question paper contains 3 printed pages]

*Your Roll No...............*

**4569**

**B.A. (PROGRAMME)/I C**

**(L)**

PUNJABI DISCIPLINE—Paper I

**(Compulsory)**

(Essay, Novel and Functional Punjabi etc.)

(Admissions of 2004/2006 and after in respect of the students of regular colleges/NCWEB)

*Time* : 3 *Hours* *Maximum Marks* : 75

*Note* :— The maximum marks printed on the question paper are applicable for the students of the regular colleges (Cat.'A'). These marks will, however, be scaled up proportionately in respect of the students of NCWEB at the time of posting of awards for compilation of result.

(*Write your Roll No. on the top immediately on receipt of this question paper.*)

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਪੂਰਨ ਸਿੰਘ ਦੇ ਲੇਖ 'ਮਜ਼੍ਹਬ' ਵਿਚ ਪੇਸ਼ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ ।

ਜਾਂ

ਬਲਰਾਜ ਸਾਹਨੀ ਦੇ ਲੇਖ 'ਸਿਨਮਾ ਤੇ ਸਟੇਜ' ਦਾ ਆਲੋਚਨਾਤਮਕ ਅਧਿਅਨ ਕਰੋ । 15

2. ਨਾਨਕ ਸਿੰਘ ਦਾ ਨਾਵਲ 'ਪਵਿਤਰ-ਪਾਪੀ' ਕਥਾਨਕ ਦੇ ਪੱਖੋਂ ਕਿੰਨ੍ਹਾਂ 'ਕੁ' ਸਫ਼ਲ ਹੈ ? ਵਿਸਤਾਰ ਨਾਲ ਚਰਚਾ ਕਰੋ ।

ਜਾਂ

'ਵੀਣਾ' ਤੇ 'ਅਤਰ ਸਿੰਘ' ਦਾ ਪਾਤਰ ਚਿਤਰਣ ਕਰੋ ? 15

P.T.O.

3. ਹੇਠਾਂ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉਪਰ ਪੈਰ੍ਹਾ-ਰਚਨਾ ਕਰੋ :

(*i*) ਹੰਕਾਰਿਆ ਸੋ ਮਾਰਿਆ ।

(*ii*) ਚੰਗੀ ਸਿਹਤ ਇਕ ਦੌਲਤ ਹੈ ।

(*iii*) ਦਿੱਲੀ ਦੀ ਮੈਟਰੋ ਸੇਵਾ । 10

4. ਦਿੱਤੇ ਗਏ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

"ਸਰੋਜਨੀ ਸੱਚੀ ਦੇਸ਼-ਸੇਵਿਕਾ ਸੀ ਅਤੇ ਦੇਸ਼ ਦੀ ਆਜ਼ਾਦੀ ਲਈ ਹਰ ਸਮੇਂ ਕੁਰਬਾਨੀ ਦੇਣ ਲਈ 'ਤਤੱਪਰ' ਰਹਿੰਦੀ ਸੀ । ਉਹ ਆਖਦੀ – 'ਮੈਂ ਤਾਂ ਬੰਸਰੀ ਹਾਂ, ਤੇ ਮੇਰਾ ਕਨ੍ਹਈਆ ਮਹਾਤਮਾ ਗਾਂਧੀ ਹੈ ।" ਮਹਾਤਮਾ ਗਾਂਧੀ ਜੀ ਵੀ ਆਪ ਦੀ ਨਿਸ਼ਕਾਮ ਸੇਵਾ ਤੇ ਨਿਧੜਕ ਸ਼ਖਸੀਅਤ ਦਾ ਆਦਰ ਕਰਦੇ ਸਨ । ਇਕ ਵੇਰ ਕਾਂਗਰਸ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ :

"ਜਿਸ ਆਸਣ ਉੱਤੇ ਮੈਨੂੰ ਬਿਠਾਇਆ ਗਿਆ ਹੈ, ਉਥੇ ਸਰੋਜਨੀ ਨੂੰ ਬਿਠਾ ਦੇਣਾ ਚਾਹੀਦਾ ਹੈ ।" ਇਹ ਠੀਕ ਹੈ ਕਿ ਸਰੋਜਨੀ ਨੇ ਜ਼ਿੰਦਗੀ ਦੇ ਪਹਿਲੇ ਹਿੱਸੇ ਵਿਚ ਬਤੌਰ ਇਕ ਕਵੀ ਦੇ ਜ਼ਿੰਦਗੀ ਬਸਰ ਕੀਤੀ, ਪਰੰਤੂ ਜਦੋਂ ਉਸ ਦਾ ਕਵੀ ਹਿਰਦਾ 'ਕਰਮ-ਭੂਮੀ' ਦੇ ਖੇਤਰ ਵਿਚ ਅਗੇ ਨਿਤਰਿਆ, ਤਾਂ ਉਹ ਨਿਰਭੈ ਹੋ ਕੇ ਮਰਦਾਂ ਵਾਂਗ ਜੂਝਦੀ ਰਹੀ ।"

**ਪ੍ਰਸ਼ਨ** :

(*i*) ਸਰੋਜਨੀ ਨੇ ਆਪਣਾ ਪਹਿਲਾ ਜੀਵਨ ਕਿਵੇਂ ਬਤੀਤ ਕੀਤਾ ?

(*ii*) ਸਰੋਜਨੀ ਦੀ ਸ਼ਖਸੀਅਤ ਦੇ ਵੱਡੇ ਲੱਛਣ ਕੀ ਸਨ ?

(*iii*) ਸਰੋਜਨੀ ਕਿਸ ਪ੍ਰਕਾਰ ਦੀ ਦੇਸ਼ ਸੇਵਿਕਾ ਸੀ ?

(*iv*) ਇਹਨਾਂ ਸ਼ਬਦਾਂ ਦੇ ਅਰਥ ਲਿਖ ਕੇ ਵਾਕ ਬਣਾਉ :

ਤਤਪਰ, ਨਿਸ਼ਕਾਮ, ਨਿਰਭੈ, ਸ਼ਖ਼ਸੀਅਤ, ਕਰਮ-ਭੂਮੀ 10

5. ਹੇਠਾਂ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉੱਤਰ ਲਿਖੋ :

(*i*) ਟਕਸਾਲੀ ਭਾਸ਼ਾ ਦਾ ਰੂਪ ਕੀ ਹੈ ?

(*ii*) ਵਾਕ ਕਿਸਨੂੰ ਕਹਿੰਦੇ ਹਨ ? ਇਸਦੀਆਂ ਕਿੰਨੀਆਂ ਕਿਸਮਾਂ ਹਨ ? ਕਿਸੇ ਦੋ ਬਾਰੇ ਵਿਸਤਾਰ ਨਾਲ ਲਿਖੋ ।

(*iii*) ਭਾਸ਼ਾ ਤੇ ਉਪਭਾਸ਼ਾ ਵਿਚ ਅੰਤਰ ਸਪੱਸ਼ਟ ਕਰੋ । 10

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ

(*i*) 'ਪਵਿੱਤਰ-ਪਾਪੀ' ਨਾਵਲ ਦਾ ਸਿਰਲੇਖ ਕਿੰਨਾ 'ਕੁ ਢੁੱਕਵਾਂ ਹੈ ?

(*ii*) ਸਾਹਿਤ-ਤੇ ਸਮਾਜ ਵਿਚ ਕੀ ਅੰਤਰ ਹੈ ?

(*iii*) ਚਿੱਤਰਕਲਾ ਦੇ ਮੂਲ ਤੱਤ ਕਿਹੜੇ ਹਨ ?

(*iv*) ਨਾਂਵ ਕਿਸਨੂੰ ਕਹਿੰਦੇ ਹਨ ? ਇਸਦੀਆਂ ਕਿੰਨੀਆਂ ਕਿਸਮਾਂ ਹਨ ? ਨਾਂ ਲਿਖੋ ।

(*v*) ਨਾਵਲ ਦੀ ਪਰਿਭਾਸ਼ਾ ਲਿਖੋ ? $3 \times 5 = 15$